# ਡਰਨਾ

ਡਰਨਾ : ਮੈਂ ਇਕ ਡਰਨਾ ਹਾਂ। ਖੇਤਾਂ ਵਿਚ ਮੇਰਾ ਪੁਤਲਾ ਖੜਾ ਕੀਤਾ ਗਿਆ ਏ। ਮੈਂ ਪੱਕੀਆਂ ਫ਼ਸਲਾਂ ਦੀ ਕਾਂਵਾਂ-ਤੋਤਿਆਂ ਤੋਂ ਰਾਖੀ ਕਰਦਾ ਹਾਂ। ਇਨ੍ਹਾਂ ਖੇਤਾਂ ਵਿਚ ਜੋ ਕੁਝ ਹੁੰਦਾ ਏ, ਉਹਦਾ ਮੈਂ ਚਸ਼ਮਦੀਦ ਗਵਾਹ ਹਾਂ। ਮੈਂ ਜਾਣਦਾ ਹਾਂ ਕਿ ਖੇਤਾਂ ਵਿਚ ਫ਼ਸਲ ਕਿਸ ਤਰ੍ਹਾਂ ਬੀਜੀ ਤੇ ਪਕਾਈ ਜਾਂਦੀ ਹੈ ਤੇ ਇਹ ਵੀ ਜਾਣਦਾ ਹਾਂ ਕਿ ਇਸ ਫ਼ਸਲ ਦੀ ਲੁੱਟ ਮੰਡੀਆਂ ਵਿਚ ਕਿਸ ਤਰ੍ਹਾਂ ਕੀਤੀ ਜਾਂਦੀ ਏ। ਮੈਂ ਸਮਿਆਂ ਤੋਂ ਚੁੱਪ ਰਿਹਾ ਹਾਂ, ਪਰ ਹੁਣ ਚੁੱਪ ਨਹੀਂ ਰਿਹਾ ਜਾਂਦਾ। ਇਥੇ ਹੀ ਮੈਂ ਅੱਖਾਂ ਨਾਲ ਉਹ ਕੁਕਰਮ ਵੇਖਿਆ ਏ ਜਦੋਂ ਇਥੋਂ ਅੱਲ੍ਹੜ ਗ਼ਰੀਬ ਮੁਟਿਆਰ ਦੀ ਇੱਜ਼ਤ ਕੁਝ ਅਮੀਰਜ਼ਾਦਿਆਂ ਦੇ ਹੱਥੋਂ ਲੁੱਟੀ ਗਈ। ਮੈਂ ਕੁਝ ਵੀ ਨਹੀਂ ਕਰ ਸਕਿਆ। ਮੈਂ ਕਾਂਵਾਂ ਤੋਤਿਆਂ ਤੋਂ ਫ਼ਸਲਾਂ ਦੀ ਰਾਖੀ ਤਾਂ ਕਰ ਸਕਦਾ ਹਾਂ, ਪਰ ਕਿਸੇ ਗ਼ਰੀਬ ਦੇ ਘਰ ਦੀ ਇੱਜ਼ਤ ਮੇਰੀਆਂ ਅੱਖਾਂ ਅੱਗੇ ਲੁੱਟੀ ਗਈ ਤੇ ਮੈਂ ਕੁਝ ਵੀ ਨਾ ਕਰ ਸਕਿਆ। ਮੈਂ ਬੋਲਣ ਦੀ ਗੱਲ ਕੀਤੀ ਹੈ ਤਾਂ ਮੈਂ ਕਦੀ ਕਦੀ ਬੋਲਦਾ ਹਾਂ, ਪਰ ਜਦੋਂ ਬੋਲਦਾ ਹਾਂ ਤਾਂ ਮੇਰੀ ਆਵਾਜ਼ ਦੋ ਹੀ ਲੋਕ ਸੁਣ ਸਕਦੇ ਨੇ। ਇਕ ਜਿਨ੍ਹਾਂ ਦੇ ਮਨ ਵਿਚ ਚੋਰ ਏ ਤੇ ਦੂਜੇ ਉਨ੍ਹਾਂ ਦੇ ਉਲਟ ਜਿਨ੍ਹਾਂ ਦੀ ਜ਼ਮੀਰ ਜਾਗਦੀ ਏ। ਅੱਜ ਬੋਲ ਰਿਹਾ ਹਾਂ।

*(ਥਾਣੇਦਾਰ, ਬੁੱਢਾ ਪ੍ਰੀਤਮ ਸਿੰਘ, ਨੌਜਵਾਨ, ਚੌਧਰੀ ਅਤੇ ਗੁਰਦੀਪ ਸਿੰਘ ਹਾਜ਼ਰ ਹੁੰਦੇ ਹਨ।)*

ਪ੍ਰੀਤਮ ਸਿੰਘ : (ਦਰਦ ਭਰੀ ਆਵਾਜ਼ ਵਿਚ) ਹਾਂ ਥਾਣੇਦਾਰ ਸਾਹਿਬ, ਇਹੀ ਉਹ ਖੇਤ ਏ, ਜਿਥੇ ਮੇਰਾ ਸਭ ਕੁਝ ਲੁੱਟਿਆ ਗਿਆ।

ਥਾਣੇਦਾਰ : ਬਜ਼ੁਰਗਾ ਤੈਨੂੰ ਚੰਗੀ ਤਰ੍ਹਾਂ ਪਤਾ ਏ ?

ਪ੍ਰੀਤਮ ਸਿੰਘ : ਹਾਂ ਥਾਣੇਦਾਰ ਸਾਹਿਬ ਮੈਨੂੰ ਪਤਾ ਏ, ਸਾਰੇ ਪਿੰਡ ਨੂੰ ਪਤਾ ਏ।

ਥਾਣੇਦਾਰ : ਤੂੰ ਪਿੰਡ ਦੀ ਗੱਲ ਛੱਡ ਆਪਣੀ ਗੱਲ ਕਰ।

ਪ੍ਰੀਤਮ ਸਿੰਘ : ਪਿੰਡ ਦੀ ਗੱਲ ਕਿਉਂ ਛੱਡਾਂ ? ਸਾਰਾ ਪਿੰਡ ਗਵਾਹ ਏ।

ਥਾਣੇਦਾਰ : ਕਿਸੇ ਇਕ ਗਵਾਹ ਦਾ ਨਾਂ ਲਿਖਵਾ ਸਕਦਾ ਏਂ ?

ਨੌਜਵਾਨ : (ਅੱਗੇ ਆ ਕੇ) ਤੁਸੀਂ ਥਾਣੇਦਾਰ ਸਾਹਿਬ, ਮੇਰਾ ਨਾਂ ਗਵਾਹਾਂ ਵਿਚ ਲਿਖੋ। ਦਿਨ ਦਿਹਾੜੇ ਇਕ ਗ਼ਰੀਬ ਦੀ ਇੱਜ਼ਤ ਲੁੱਟੀ ਗਈ ਏ ਤੇ ਤੁਸੀਂ ਕਾਨੂੰਨੀ ਬਰੀਕੀਆਂ ਵਿਚ ਪਏ ਹੋ ?

ਥਾਣੇਦਾਰ : ਜਵਾਨਾ ਇੱਜ਼ਤ ਭਾਵੇਂ ਦਿਨੇ ਲੁੱਟੀ ਜਾਏ ਭਾਵੇਂ ਰਾਤੀਂ ਲੁੱਟੀ ਜਾਏ। ਕਾਨੂੰਨ ਤਾਂ ਕਾਨੂੰਨ ਹੀ ਹੁੰਦਾ ਏ। ਕੀ ਤੂੰ ਆਪਣੀਆਂ ਅੱਖਾਂ ਨਾਲ ਸਭ ਕੁਝ ਵੇਖਿਆ ਏ ?

ਨੌਜਵਾਨ : ਵੇਖਿਆ ਏ ਜਾਂ ਨਹੀਂ ਵੇਖਿਆ ਏ, ਤੁਸੀਂ ਮੇਰਾ ਨਾਂ ਲਿਖ ਲਵੋ ਕਿ ਮੈਂ ਵੇਖਿਆ ਏ।

ਥਾਣੇਦਾਰ : ਕੀ ਵੇਖਿਆ ਏ ?

ਨੌਜਵਾਨ : ਇਹ ਮੈਂ ਕਚਹਿਰੀ ਵਿਚ ਦੱਸਾਂਗਾ।

*(ਚੌਧਰੀ ਥਾਣੇਦਾਰ ਨੂੰ ਇਕ ਪਾਸੇ ਲਿਜਾਂਦਾ ਹੈ)*

ਚੌਧਰੀ : ਥਾਣੇਦਾਰ ਸਾਹਬ ਇਹ ਮੁੰਡਾ ਇਥੇ ਨੌਜਵਾਨਾਂ ਦੀ ਸਭਾ ਦਾ ਆਗੂ ਏ। ਜੇ ਇਹ ਵਿਚ ਪੈ ਗਿਆ ਤਾਂ ਫੇਰ ਸਾਡਾ ਵਿਚੋਲਪੁਣਾ ਕਿਸੇ ਨੇ ਨਹੀਂ ਮੰਨਣਾ।

ਥਾਣੇਦਾਰ : ਫੇਰ ?

ਚੌਧਰੀ : ਮੈਂ ਇਹਨੂੰ ਆਪੇ ਸਮਝਾਉਣਾ ਹਾਂ (ਨੌਜਵਾਨ ਨੂੰ ਸੰਬੋਧਨ) ਦੇਖ ਬਈ ਜਵਾਨਾ ਮੈਂ ਤੇਰੇ ਹੌਂਸਲੇ ਦੀ ਦਾਦ ਦੇਂਦਾ ਹਾਂ ਤੇਰੇ ਜਜ਼ਬੇ ਵੀ ਸਮਝਦਾ ਹਾਂ ਪਰ ਕਾਨੂੰਨ ਨੇ ਤਾਂ ਆਪਣੀ ਲਕੀਰ 'ਤੇ ਹੀ ਚਲਣਾ ਏ।

ਨੌਜਵਾਨ : ਚੌਧਰੀ ਜੀ ਪਰ ਇਹ ਲਕੀਰ ਵੀ ਤਾਂ ਕਿਸੇ ਨਾ ਕਿਸੇ ਨੇ ਪਾਉਣੀ ਹੀ ਹੈ।

ਚੌਧਰੀ : ਇਸ ਕੰਮ ਲਈ ਅਸੀਂ ਜੋ ਬੈਠੇ ਹਾਂ। ਤੇਰੇ ਖਾਣ ਹੰਢਾਉਣ ਦੀ ਉਮਰ ਏ, ਤੂੰ ਕਿਉਂ ਐਵੇਂ ਪੰਗਿਆਂ ਵਿਚ ਪੈਣਾ ਏ। ਥਾਣੇਦਾਰ ਸਾਹਬ ਤੁਹਾਨੂੰ ਰਪਟ ਲਿਖਣ ਲਈ ਗਵਾਹ ਚਾਹੀਦਾ ਏ ਤੁਸੀਂ ਮੇਰਾ ਨਾਂ ਲਿਖ ਲਵੋ।

ਥਾਣੇਦਾਰ : ਤੁਹਾਡਾ ਨਾਂ ਲਿਖ ਲਵਾਂ ? ਲੈ ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਏ ? ਇਹਦੇ ਨਾਲ ਸਾਡਾ ਕੰਮ ਵੀ ਆਸਾਨ ਹੋ ਜਾਏਗਾ। ਤੁਹਾਡੇ ਵਰਗੇ ਮੁਹਤਬਰ ਲੋਕ, ਜਿਨ੍ਹਾਂ ਦੀ ਸਰਕਾਰੇ ਦਰਬਾਰੇ ਪੁੱਛ ਏ, ਗਵਾਹ ਬਣ ਗਏ ਤਾਂ ਫੇਰ ਮੁਲਜ਼ਮ ਬੱਚਕੇ ਕਿਥੇ ਜਾਣਗੇ ?

ਡਰਨਾ : ਹਾਂ ਇਹੋ ਜਿਹੇ ਸੱਚੇ ਗਵਾਹ ਹਿੰਦੋਸਤਾਨ ਵਿਚ ਹਾਜ਼ਰ ਹਨ, ਏਸੇ ਲਈ ਤਾਂ ਹਿੰਦੋਸਤਾਨ ਦੀਆਂ ਕਚੈਹਰੀਆਂ ਦੁਨੀਆਂ ਭਰ ਵਿਚ ਇਨਸਾਫ਼ ਲਈ ਪ੍ਰਸਿੱਧ ਹਨ।

ਚੌਧਰੀ : ਇਹ ਆਵਾਜ਼ ਕਿਥੋਂ ਆਈ ਏ ?

ਨੌਜਵਾਨ : ਚੌਧਰੀ ਜੀ ਹਵਾ ਵਿਚ ਤੁਹਾਡੇ ਕੋਈ ਗੁਣ ਗਾ ਰਿਹਾ ਏ।

ਚੌਧਰੀ : (ਢੀਠਾਂ ਵਾਕੁਣ) ਅੱਛਾ-ਅੱਛਾ ਗੁਣ ਗਾ ਰਿਹਾ ਏ। (ਪ੍ਰੀਤਮ ਸਿੰਘ

ਵੱਲ) ਦੇਖ ਬਈ ਪ੍ਰੀਤਮ ਸਿੰਘਾ, ਅਸੀਂ ਮਹਾਤਮਾ ਗਾਂਧੀ ਦਾ ਦਿੱਤਾ ਖੱਦਰ ਪਾਉਣ ਵਾਲੇ ਹਾਂ। ਸਾਡਾ ਕੰਮ ਗ਼ਰੀਬਾਂ ਦੀ ਸੇਵਾ ਕਰਨਾ ਏ। ਅਸਾਂ ਗ਼ਰੀਬਾਂ ਨੂੰ ਉੱਤੇ ਚੁੱਕਣਾ ਏ।

ਡਰਨਾ : ਆਹੋ ਇਨ੍ਹਾਂ ਨੇ ਇਹ ਕੰਮ ਸੰਭਾਲਿਆ ਏ ਕਿ ਗ਼ਰੀਬਾਂ ਨੂੰ ਉੱਤੇ ਹੀ ਚੁੱਕ ਦੇਵੋ।

ਚੌਧਰੀ : ਇਹ ਫੇਰ ਕੋਈ ਆਵਾਜ਼ ਆਈ ਏ ?

ਨੌਜਵਾਨ : ਇਹ ਧਰਤੀ ਬੋਲ ਰਹੀ ਏ, ਖੱਦਰਧਾਰੀਆਂ ਦੀ ਤਾਰੀਫ਼ ਕਰ ਰਹੀ ਏ।

ਚੌਧਰੀ : ਹਰੀਜਨਾਂ ਦੇ ਤਾਂ ਅਸੀਂ ਖ਼ਾਸ ਸੇਵਕ ਹਾਂ।

ਡਰਨਾ : ਤਾਹੀਉਂ ਜਿੰਨੀਆਂ ਹਰੀਜਨ ਕੁੜੀਆਂ ਦੀ ਪੱਤ ਪਿਛਲੇ 35 ਸਾਲਾਂ ਵਿਚ ਲੁੱਟੀ ਗਈ ਏ ਉਤਨੀ ਸਾਰੇ ਇਤਹਾਸ ਵਿਚ ਮਿਲਕੇ ਕਿਸੇ ਵੀ ਸਮੇਂ ਨਹੀਂ ਸੀ ਲੁੱਟੀ ਗਈ।

ਚੌਧਰੀ : ਇਹ ਫੇਰ ਕੋਈ ਬੋਲ ਰਿਹਾ ਏ ?

ਨੌਜਵਾਨ : ਕੋਈ ਉਤੋਂ ਬੋਲ ਰਿਹਾ ਏ, ਪਰ ਬੋਲ ਸੱਚ ਰਿਹਾ ਏ।

ਚੌਧਰੀ : (ਢੀਠਾਂ ਵਾਕੁਣ) ਹਾਂ ਬੋਲ ਤੇ ਸੱਚ ਹੀ ਰਿਹਾ ਏ (ਬਦਲ ਕੇ) ਹਾਂ ਤੇ ਥਾਣੇਦਾਰ ਸਾਹਿਬ ਤੁਸੀਂ ਰਪਟ ਲਿਖੋ। ਜ਼ਬਰਜ਼ਨਾਹ ਦਾ ਦੋਸ਼ ਰਜਿਸਟਰ ਕਰੋ। ਚਸ਼ਮਦੀਦ ਗਵਾਹਾਂ ਵਿਚ ਮੇਰਾ ਨਾਂ ਲਿਖੋ। ਆਖ਼ਰ ਸਾਨੂੰ ਇਨ੍ਹਾਂ ਭਰਾਵਾਂ ਦੀ ਸੇਵਾ ਦਾ ਮੌਕਾ ਕਦੋਂ ਮਿਲੇਗਾ ?

ਪ੍ਰੀਤਮ ਸਿੰਘ : ਤੁਸੀਂ ਹੀ ਤਿਣਕੇ ਦਾ ਸਹਾਰਾ ਹੋ ਚੌਧਰੀ ਜੀ, ਜਿਨ੍ਹਾਂ ਨੇ ਮੇਰੀ ਧੀ ਦੀ ਖਵਾਰੀ ਕੀਤੀ ਏ, ਉਹਦੀ ਜਾਨ ਲਈ ਏ, ਮੈਨੂੰ ਚੈਨ ਉਦੋਂ ਹੀ ਆਵੇਗਾ ਜਦੋਂ ਉਹ ਸੀਖਾਂ ਦੇ ਅੰਦਰ ਹੋਣਗੇ।

ਨੌਜਵਾਨ : ਥਾਣੇਦਾਰ ਸਾਹਬ ਇਥੇ ਇਹ ਵੀ ਦਰਜ ਕਰੋ ਕਿ ਚੌਧਰੀ ਜੀ ਨੇ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਸਾਰੀ ਵਾਰਦਾਤ ਆਪਣੀਆਂ ਅੱਖਾਂ ਨਾਲ ਵੇਖੀ ਏ।

ਚੌਧਰੀ : ਬਈ ਇਹਦੇ ਨਾਲ ਕੀ ਫ਼ਰਕ ਪੈਂਦਾਏ, ਜਦੋਂ ਮੈਂ ਕਹਿ ਹੀ ਦਿੱਤਾ ਏ ਤਾਂ ਮੁਕਰਨ ਥੋੜਾ ਲੱਗਿਆ ਹਾਂ ?

ਨੌਜਵਾਨ : ਪਰ ਲਿਖਣ ਵਿਚ ਹਰਜ ਵੀ ਕੀ ਏ ?

ਚੌਧਰੀ : ਤੂੰ ਮੇਰੀ ਬੇਇੱਜ਼ਤੀ ਕਰ ਰਿਹਾ ਏਂ ਨੌਜਵਾਨਾ। ਪ੍ਰੀਤਮ ਸਿੰਘ ਤੂੰ ਇਹਨੂੰ ਸਮਝਾ ਲੈ। ਮੈਂ ਤਾਂ ਤੇਰੀ ਸਹਾਇਤਾ ਲਈ ਗਵਾਹ ਬਣਨਾ ਚਾਹਿਆ ਸੀ, ਨਹੀਂ ਤਾਂ ਮੈਨੂੰ ਕੀ ? ਮੈਂ ਐਵੇਂ ਵੱਡਿਆਂ ਨਾਲ ਵੈਰ ਕਿਉਂ ਲਵਾਂ ?

ਡਰਨਾ : ਆ ਗਈ ਨਾ ਅਸਲੀਅਤ ਬਾਹਰ ? ਤੂੰ ਵੱਡਿਆਂ ਨਾਲ ਵੈਰ ਕਿਉਂ

ਲਵੇਂ ? ਤੂੰ ਤਾਂ ਭੇਜਿਆ ਹੀ ਵੱਡਿਆਂ ਦਾ ਏਂ।

ਚੌਧਰੀ : ਇਹ ਕੀਹਦੀ ਆਵਾਜ਼ ਏ ?

ਨੌਜਵਾਨ : ਆਵਾਜ਼ ਖੱਲਕਤ ਦੀ ਲਗਦੀ ਏ।

ਪ੍ਰੀਤਮ : ਥਾਣੇਦਾਰ ਸਾਹਬ ਮੈਨੂੰ ਇਨਸਾਫ਼ ਮਿਲੇਗਾ ਨਾ ?

ਥਾਣੇਦਾਰ : ਬਜ਼ੁਰਗਾ ਇਨਸਾਫ਼ ਦੇਣਾ ਤਾਂ ਕਚਹੈਰੀਆਂ ਦਾ ਕੰਮ ਏ। ਸਾਡਾ ਕੰਮ ਤਾਂ ਦੋਸ਼ੀਆਂ ਨੂੰ ਕਟਿਹਰੇ ਵਿਚ ਖੜ੍ਹਾ ਕਰਨਾ ਏ। (ਸਾਰਿਆਂ ਨੂੰ) ਤੁਸੀਂ ਚਲੋ ਮੇਰੇ ਨਾਲ ਬਾਕੀ ਕੰਮ ਪਿੰਡ 'ਚ ਹੀ ਹੋਏਗਾ।

*(ਸਾਰੇ ਚਲੇ ਜਾਂਦੇ ਹਨ)*

ਡਰਨਾ : ਸੋ ਕਾਨੂੰਨੀ ਕਾਰਵਾਈ ਕੀਤੀ ਗਈ। ਥਾਣੇਦਾਰ ਸਾਹਬ ਆਏ ਉਨ੍ਹਾਂ ਨੇ ਸਾਰੇ ਖੇਤ ਦਾ ਨਕਸ਼ਾ ਬਣਾਇਆ। ਮਿੱਟੀ ਦੇ ਕੁਝ ਸੈਂਪਲ ਲਏ। ਉਨ੍ਹਾਂ ਨੂੰ ਗੁੱਥੀ ਵਿਚ ਪਾ ਕੇ ਲਾਖ ਨਾਲ ਮੋਹਰਾਂ ਵੀ ਲਗਾਈਆਂ। ਸੈਂਪਲਾਂ ਨੂੰ ਮਾਹਰਾਂ ਕੋਲ ਭੇਜਿਆ ਜਾਏਗਾ, ਜਿਸ ਤਰ੍ਹਾਂ ਹਿੰਦੋਸਤਾਨ ਦਾ ਕਾਨੂੰਨ ਬੜੀ ਵੱਡੀ ਸਾਇੰਸ 'ਤੇ ਖਲੋਤਾ ਹੈ। ਪਰ ਕਾਨੂੰਨ ਦੀ ਨਕੇਲ ਤਾਂ ਪੈਸੇ ਵਾਲਿਆਂ ਦੇ ਹੱਥ ਏ। ਦਿਨੇ ਕੁਝ ਹੁੰਦਾ ਏ ਤੇ ਰਾਤੀਂ ਕੁਝ ਹੋਰ ਹੁੰਦਾ ਏ। ਦਿਨੇ ਗਵਾਹੀਆਂ ਖੜੀਆਂ ਕੀਤੀਆਂ ਜਾਂਦੀਆਂ ਹਨ ਤਾਂ ਰਾਤ ਦੇ ਹਨ੍ਹੇਰੇ ਵਿਚ ਉਹ ਗਵਾਹੀਆਂ ਖਰੀਦੀਆਂ ਜਾਂਦੀਆਂ ਹਨ। ਘੁਸਰ-ਮੁਸਰ ਹੋ ਰਹੀ ਏ ਇਹ ਕੌਣ ਨੇ ?

*(ਸੰਤਾ ਸਿੰਘ, ਬੰਤਾ ਸਿੰਘ ਅਤੇ ਚੌਧਰੀ ਆਉਂਦੇ ਹਨ।)*

ਬੰਤਾ ਸਿੰਘ : ਦੇਖ ਬਈ ਚੌਧਰੀ ਤੇਰੀ ਗਵਾਹੀ 'ਤੇ ਸਾਰਾ ਕੇਸ ਖਲੋਤਾ ਏ, ਹੁਣ ਸਾਡੀ ਇੱਜ਼ਤ ਤੇਰੇ ਹੱਥ ਵਿਚ ਏ।

ਚੌਧਰੀ : ਤੁਸੀਂ ਫ਼ਿਕਰ ਕਿਉਂ ਕਰਦੇ ਹੋ ? ਤੁਹਾਡੀ ਇੱਜ਼ਤ ਸਾਡੀ ਇੱਜ਼ਤ।

ਸੰਤਾ ਸਿੰਘ : ਬਸ ਬੰਤਾ ਸਿੰਘ, ਫੇਰ ਗੱਲ ਹੀ ਕੋਈ ਨਹੀਂ। ਤੂੰ ਚੌਧਰੀ ਸਾਡਾ ਕੰਮ ਕਰ ਦੇਵੇਗਾ ਤਾਂ ਅਸੀਂ ਵੀ ਪਿੱਛੇ ਰਹਿਣ ਵਾਲੇ ਨਹੀਂਉਂ

ਬੰਤਾ ਸਿੰਘ : ਜਵਾਨੀ ਦੇ ਜੋਸ਼ ਵਿਚ ਮੁੰਡਿਆਂ ਕੋਲੋਂ ਗ਼ਲਤੀ ਹੋ ਗਈ ਏ।

ਚੌਧਰੀ : ਕੋਈ ਨਹੀਂ ਗ਼ਲਤੀ ਹੋ ਗਈ ਏ ਤਾਂ ਠੀਕ ਹੋ ਜਾਏਗੀ।

ਸੰਤਾ ਸਿੰਘ : ਲਉਂ ਗ਼ਲਤੀ ਹੋ ਗਈ ਏ ਤਾਂ ਚੌਧਰੀ ਠੀਕ ਕਰ ਦੇਵੇਗਾ। ਗੱਲ ਹੀ ਕੋਈ ਨਹੀਂ।

ਚੌਧਰੀ : ਬਸ ਪੈਸਾ ਥੋੜ੍ਹਾ ਖਰਚਣਾ ਪਏਗਾ ਸਰਦਾਰੋ।

ਸੰਤਾ ਸਿੰਘ : ਪੈਸੇ ਦੀ ਕੋਈ ਗੱਲ ਨਹੀਂ। ਹੁਕਮ ਕਰ ਪੈਸਾ ਜਿੰਨਾ ਮਰਜ਼ੀ।

ਡਰਨਾ : ਆਹੋ ਪੈਸਾ ਤਾਂ ਸਰਦਾਰਾ ਦੇ ਦਰੱਖਤਾਂ ਨੂੰ ਲਗਦੈ, ਗੱਲ ਈ ਕੋਈ ਨਹੀਂ।

ਸੰਤਾ ਸਿੰਘ : ਕੋਈ ਬੋਲਿਐ ?

ਡਰਨਾ : ਗੱਲ ਹੀ ਕੋਈ ਨਹੀਂ, ਤੁਸੀਂ ਆਪਣਾ ਕੰਮ ਕਰੋ।

ਬੰਤਾ ਸਿੰਘ : ਚੌਧਰੀ ਕਿੰਨਾ ਕੁ ਖਰਚਣਾ ਪਏਗਾ ?

ਚੌਧਰੀ : ਹਿਸਾਬ ਤੁਸੀਂ ਲਾ ਲਵੋ, ਥਾਣੇਦਾਰ ਦਾ, ਹੋਰ ਪੁਲਿਸ ਅਮਲੇ ਦਾ, ਕਚੈਹਰੀ ਦੇ ਅਮਲੇ ਦਾ ਤੇ ਤੁਸੀਂ ਆਪ ਸਿਆਣੇ ਹੋ...।

ਸੰਤਾ ਸਿੰਘ : ਚੌਧਰੀ ਦਾ, ਗਲ ਈ ਕੋਈ ਨਹੀਂ।

ਬੰਤਾ ਸਿੰਘ : ਪੈਸੇ ਦੀ ਤੁਸੀਂ ਪਰਵਾਹ ਨਾ ਕਰੋ, ਪੈਸਾ ਪਾਣੀ ਵਾਂਗ ਵਹਾ ਦੇਵਾਂਗਾ, ਪੈਲੀ ਭਾਵੇਂ ਨਾ ਗਹਿਣੇ ਰੱਖਣੀ ਪਵੇ।

ਸੰਤਾ ਸਿੰਘ : ਆਹੋ ਚੌਧਰੀ ਜੀ ਪੈਲੀ ਗਹਿਣੇ ਰੱਖ ਦੇਵਾਂਗੇ।ਗੱਲ ਈ ਕੋਈ ਨਹੀਂ।

ਡਰਨਾ : ਆਹੋ ਪੈਲੀਆਂ ਕਿਹੜੀਆਂ ਕਿਸੇ ਨੇਕ ਕੰਮ ਲਈ ਗਹਿਣੇ ਰਖਣੀਆਂ ਨੇ ? ਸਰਦਾਰੀਆਂ ਦੇ ਘੁਮੰਡ ਵਿਚ ਪਹਿਲੇ ਗ਼ਲਤੀਆਂ ਕਰੋ। ਫੇਰ ਪੈਲੀਆਂ ਆੜ੍ਹਤੀਆਂ ਕੋਲ ਗਹਿਣੇ ਰੱਖੋ ਤੇ ਬਾਅਦ ਵਿਚ ਰੌਲਾ ਪਾ ਦੇਵੋ, ਇਹ ਬਾਣੀਏਂ ਸਾਨੂੰ ਲੁੱਟਦੇ ਨੇ... ਗੱਲ ਈ ਕੋਈ ਨਹੀਂ।

ਚੌਧਰੀ : ਜਬਰ ਜ਼ਨਾਹ ਦਾ ਕੇਸ ਸਾਬਤ ਕਰਨਾ ਕਿਹੜਾ ਆਸਾਨ ਏ ਸਰਦਾਰੋ। ਪਹਿਲੇ ਤਾਂ ਇਹ ਗਵਾਹ ਲੱਭਣਾ ਪੈਣਾ ਏ, ਜਿਸਨੇ ਵੇਖਿਆ ਹੋਵੇ ਕੁੜੀ ਨਾਲ ਜਬਰ ਜ਼ਨਾਹ ਹੋਇਆ ਏ।ਜੇ ਕੋਈ ਆਖੇ ਕਿ ਮੈਂ ਵੇਖਿਆ ਏ ਤਾਂ ਉਸ ਕੋਲੋਂ ਪੁੱਛੇ ਕਿ ਉਸਨੇ ਕੀ ਵੇਖਿਆ ਏ ? ਜਬਰ ਜ਼ਨਾਹ ਕਿਸ ਤਰ੍ਹਾਂ ਹੋਇਆ ? ਉਨ੍ਹਾਂ ਕੁੜੀ ਨੂੰ ਬੰਨ੍ਹਿਆ ਹੋਇਆ ਸੀ ਜਾਂ ਨੂੜਿਆ ਹੋਇਆ ਸੀ ? ਆਦਿਕ-ਆਦਿਕ, ਨਾ ਇਹ ਸਭ ਕੁਝ ਸਾਬਤ ਹੋ ਸਕੇਗਾ ਨਾ ਸਜ਼ਾ ਹੋ ਸਕੇਗੀ ਆਦਿਕ-ਆਦਿਕ।

ਸੰਤਾ ਸਿੰਘ : ਆਦਿਕ ਆਦਿਕ ਗੱਲ ਹੀ ਕੋਈ ਨਹੀਂ-ਹੀ ਹੀ ਹੀ।

ਇਕੱਠੇ : ਹੀ ਹੀ ਹੀ।

ਡਰਨਾ : (ਨਕਲ ਲਗਾਕੇ) ਹੀ ਹੀ ਹੀ।

ਚੌਧਰੀ : ਕੋਈ ਸਾਡੀ ਨਕਲ ਲਗਾ ਰਿਹਾ ਏ।

ਸੰਤਾ ਸਿੰਘ : ਇਹ ਸਾਡਾ ਹਾਸਾ ਗੂੰਜ ਰਿਹਾ ਏ, ਗੱਲ ਈ ਕੋਈ ਨਹੀਂ।

ਡਰਨਾ : ਗੱਲ ਈ ਕੋਈ ਨਹੀਂ। (ਇਕ ਦੋ ਵਾਰ ਦੁਹਰਾਉਂਦਾ ਏ)

ਸੰਤਾ ਸਿੰਘ : (ਖਲਾਅ ਵਿਚ ਇਧਰ ਉਧਰ ਵੇਖਦਾ ਹੈ ਫਿਰ ਕੁਝ ਨਾ ਸਮਝਦੇ ਹੋਏ ਢੀਠਾਂ ਵਾਕੁਣ ਬੋਲਦਾ ਹੈ।) ਗੱਲ ਈ ਕੋਈ ਨਹੀਂ।

ਬੰਤਾ ਸਿੰਘ : ਫ਼ੈਸਲਾ ਹੋ ਗਿਆ ਕਿ ਪਿੰਡ ਦਾ ਸਰਪੰਚ ਅਸਾਂ ਐਤਕਾਂ ਚੌਧਰੀ ਨੂੰ ਬਨਾਉਣਾ ਏ।

ਸੰਤਾ ਸਿੰਘ : ਗੱਲ ਈ ਕੋਈ ਨਹੀਂ- ਪੰਚ ਸਰਪੰਚ ਸਭ ਚੌਧਰੀ।

ਡਰਨਾ : ਆਹੋ ਇਹੋ ਜਿਹੇ ਇਖਲਾਕ ਵਾਲੇ ਬੰਦੇ ਸਰਪੰਚ ਬਣਨਗੇ ਤਾਂ ਹੀ ਧਰਤੀ ਦਾ ਬੇੜਾ ਪਾਰ ਹੋਏਗਾ।

ਚੌਧਰੀ : ਕਿਧਰੋਂ ਕੋਈ ਆਵਾਜ਼ ਆ ਰਹੀ ਏ ?

ਸੰਤਾ ਸਿੰਘ : (ਇਧਰ-ਉਧਰ ਵੇਖਕੇ) ਗੱਲ ਈ ਕੋਈ ਨਹੀਂ।

ਬੰਤਾ ਸਿੰਘ : ਚੌਧਰੀ, ਸਰਪੰਚ ਅਸਾਂ ਆਪ ਤਾ ਬਣਨਾ ਨਹੀਂ ਸਾਨੂੰ ਤਾਂ ਕੰਮਾਂ ਕਾਰਾਂ ਤੋਂ ਵਿਹਲ ਨਹੀਂ ਤੇ ਬਣਾਉਣਾ ਅਸੀਂ ਆਪਣਾ ਬੰਦਾ ਏ ਤੇ ਆਪਣਾ ਬੰਦਾ ਤੇਰੇ ਤੋਂ ਹੋਰ ਕਿਹੜਾ ਨੇੜੇ ਹੋ ਸਕਦੈ ?

ਚੌਧਰੀ : ਕਾਲੀਏ ਮੰਨ ਜਾਣਗੇ ?

ਬੰਤਾ ਸਿੰਘ : ਕਾਲੀਏ ਸਾਡੇ ਤੋਂ ਬਾਹਰੇ ਨੇ ?

ਸੰਤਾ ਸਿੰਘ : ਅਸੀਂ ਚਿੱਟੀ ਪਾ ਲਈਏ ਤਾਂ ਸਰਕਾਰੀਏ, ਕਾਲੀ ਪਾ ਲਈਏ ਤਾਂ ਕਾਲੀਏ, ਗੱਲ ਈ ਕੋਈ ਨਹੀਂ।

ਬੰਤਾ ਸਿੰਘ : ਸੰਤਾ ਸਿੰਘ, ਕੱਲ ਤੋਂ ਤੂੰ ਬੰਨ ਪੱਗ ਕਾਲੀ, ਗਲ ਵਿਚ ਪਾ ਗਾਤਰਾ ਤੇ ਬਣ ਜਾ ਜਥੇਦਾਰ।

ਸੰਤਾ ਸਿੰਘ : ਲੈ ਗਲ ਈ ਕੋਈ ਨਹੀਂ, ਕੱਲ ਤੋਂ ਬਣ ਗਏ ਅਸੀਂ ਜਥੇਦਾਰ।

ਬੰਤਾ ਸਿੰਘ : ਫੇਰ ਕਰ ਪਰਚਾਰ, ਪੰਥ ਦਾ ਹੁਕਮ ਆਇਆ ਏ ਕਿ ਪੰਚੈਤ ਚੋਣਾਂ ਵਿਚ ਹਰੀਜਨ ਭਰਾਵਾਂ ਦੀ ਮਦਦ ਕਰਨੀ ਏ ਸਾਡੇ ਗੁਰੂ ਨੇ ਵੀ ਨੀਵੀਂ ਜਾਤ ਵਾਲੇ ਰੰਗਰੇਟੇ ਨੂੰ ਗਲੇ ਲਗਾਕੇ ਕਿਹਾ ਸੀ "ਰੰਘਰੇਟੇ ਗੁਰੂ ਕੇ ਬੇਟੇ"।

ਸੰਤਾ ਸਿੰਘ : ਚੌਧਰੀ ਪਿਆ ਸਾਡੇ ਪੇਟੇ, ਅਸਾਂ ਸਾਰੇ ਫ਼ਰਕ ਮੇਟੇ- ਰੰਗਰੇਟੇ ਗੁਰੂ ਕੇ ਬੇਟੇ- ਗਲ ਈ ਕੋਈ ਨਹੀਂ।

ਬੰਤਾ ਸਿੰਘ : ਮੀਟਿੰਗ ਤਾਂ ਫਿਰ ਬੁਲਾ ਲਏਂਗਾ ਨਾ ?

ਸੰਤਾ ਸਿੰਘ : ਲੈ ਗਲਾਸੀ ਗਲਾਸੀ ਸਭ ਨੂੰ ਪਿਲਾ ਦੇਵਾਂਗਾ, ਸਾਰੇ ਮਤੇ ਪਾਸ। ਗਲ ਈ ਕੋਈ ਨਹੀਂਉਂ

ਬੰਤਾ ਸਿੰਘ : ਇਧਰੋਂ ਐਮ.ਐਲ.ਏ. ਨੂੰ ਮੈਂ ਪਿੰਡ ਲੈ ਆਵਾਂਗਾ। ਵਜ਼ੀਰ ਵੱਲੋਂ ਉਹ ਕੋਈ ਸੁਨਿਹਾ ਦੇ ਦੇਵੇਗਾ ਤੇ ਨਾਲ ਐਲਾਨ ਕਰ ਦੇਵੇਗਾ ਕਿ ਸਰਕਾਰੀ ਪਾਰਟੀ ਵੱਲੋਂ ਇਹ ਫ਼ੈਸਲਾ ਹੋਇਆ ਏ ਕਿ ਚੌਧਰੀ ਹੋਰਾਂ ਨੂੰ ਸਰਪੰਚ ਬਨਾਉਣਾ ਏ।

ਸੰਤਾ ਸਿੰਘ : ਭਲਾ ਸੰਤਾ ਸਿੰਘ, ਬੰਤਾ ਸਿੰਘ ਦੀ ਗੱਲ ਤੋਂ ਕੋਈ ਬਾਹਰ ਜਾ ਸਕਦੈ। ਗੱਲ ਈ ਕੋਈ ਨਹੀਂ।

*(ਤਿੰਨੇ ਹੱਸਦੇ-ਹੱਸਦੇ ਮੂਕ ਹੋ ਜਾਂਦੇ ਹਨ ਤੇ ਮੂਕ ਹਾਲਤ ਤੋਂ ਬਾਅਦ ਮਿਲਦੇ ਹਨ।)*

ਬੰਤਾ ਸਿੰਘ : ਪਰ ਇਕ ਕੰਡਾ ਏ, ਉਹ ਵੀ ਕੱਢਣਾ ਏ।

ਸੰਤਾ ਸਿੰਘ : ਉਹ ਕਰਨੈਲ ਸਿੰਘ ਦੇ ਮੁੰਡੇ ਲਾਲੀ ਵਾਲਾ-ਗੱਲ ਈ ਕੋਈ ਨਹੀਂ।

ਚੌਧਰੀ : ਨਹੀਂ ਸਰਦਾਰੋ, ਗੱਲ ਬੜੀ ਏ, ਪਿੰਡ ਵਾਲੇ ਲੋਕ ਉਹਦੀ ਗੱਲ ਸੁਣਦੇ ਨੇ।

ਬੰਤਾ ਸਿੰਘ : ਉਹਦੇ ਕੋਲ ਕੀ ਏ ਨਾ ਪੈਸਾ, ਨਾ ਵਜ਼ੀਰ ਦੇ ਮੁੰਡੇ ਨਾਲ ਦੋਸਤੀ ਤੇ ਨਾ ਕੁਝ ਹੋਰ।

ਸੰਤਾ ਸਿੰਘ : ਲੈ ਇਹ ਵੀ ਕੋਈ ਗੱਲ ਏ। ਕਰਨੈਲ ਸਿੰਘ ਨੂੰ ਸੁਨੇਹਾ ਭੇਜ ਦੇਵੋ ਕਿ ਮੁੰਡੇ ਨੂੰ ਸਮਝਾ ਦੇਵੇ। ਕੋਈ ਨੁਕਸਾਨ ਹੋ ਗਿਆ ਤਾਂ ਫੇਰ ਨਾ ਕਹੇ।

ਚੌਧਰੀ : ਪਰ ਮੁੰਡਾ ਪਿਓ ਦੇ ਆਖੇ ਵਿਚ ਨਹੀਂ।

ਬੰਤਾ ਸਿੰਘ : ਲੈ ਫੇਰ ਤਾਂ ਕੰਮ ਉਂਝ ਹੀ ਸੌਖਾ ਏ। ਕੱਢ ਦਿਓ ਕੰਡਾ।

ਸੰਤਾ ਸਿੰਘ : ਆਹੋ ਗੱਲ ਈ ਕੋਈ ਨਹੀਂ- ਹੋ ਜਾਏ ਅੱਜ ਇਸੇ ਖੁਸ਼ੀ ਵਿਚ ਵਲੈਤੀ ਦਾ ਇਕ ਇਕ ਪੈਗ-

ਬੰਤਾ ਸਿੰਘ : ਕੰਡਾ।

ਚੌਧਰੀ : ਕੰਡਾ ?

ਸੰਤਾ ਸਿੰਘ : ਜਿਹੜਾ ਕੱਢ ਦਿੱਤਾ... ਗੱਲ ਈ ਕੋਈ ਨਹੀਂ।

*(ਤਿੰਨੋ ਹੱਸਦੇ-ਹੱਸਦੇ ਜਾਂਦੇ ਹਨ।)*

ਡਰਨਾ : ਤੇ ਇਸ ਤਰ੍ਹਾਂ ਗੋਂਦਾਂ ਗੁੰਦੀਆਂ ਗਈਆਂ। ਪਿੰਡ ਦੇ ਚੌਧਰੀਆਂ ਨੇ ਪੰਚੀਆਂ-ਸਰਪੰਚੀਆਂ ਵੰਡ ਲਈਆਂ, ਬਦਮਾਸ਼ੀ ਤੇ ਲੁੱਚਪੁਣਾ ਵੰਡ ਲਿਆ। ਸ਼ਰਾਬ ਵੰਡ ਲਈ। ਗ਼ਰੀਬ ਦੀ ਇੱਜ਼ਤ ਨਾਲ ਖੇਡਣਾ ਇਹ ਸਰਦਾਰੀਆਂ ਦਾ ਸ਼ੌਂਕ ਬਣ ਗਿਆ। ਇਸ ਸ਼ੌਂਕ ਵਿਚ ਅਗਰ ਕਿਸੇ ਇਕ ਅਬਲਾ ਦੀ ਇੱਜ਼ਤ ਲੁੱਟੀ ਗਈ ਤਾਂ ਇਹ ਮਾਮੂਲੀ ਖੇਡ ਏ ਬਿਲਕੁਲ ਮਾਮੂਲੀ ਖੇਡ ਗੱਲ ਈ ਕੋਈ ਨਹੀਂ।

*(ਪ੍ਰੀਤਮ ਸਿੰਘ, ਨੌਜਵਾਨ ਤੇ ਚੌਧਰੀ ਆਉਂਦੇ ਹਨ, ਚੌਧਰੀ ਦਾ ਪੱਗੜ ਹੁਣ ਵੱਡਾ ਹੋ ਗਿਆ ਹੈ ਤੇ ਕੱਪੜੇ ਵੀ ਅੱਗੇ ਨਾਲੋਂ ਵੱਧ ਚਿੱਟੇ ਹਨ।)*

ਪ੍ਰੀਤਮ ਸਿੰਘ : ਚੌਧਰੀ ਜੀ ਤੁਹਾਡੇ ਤੋਂ ਇਹ ਉਮੀਦ ਨਹੀਂ ਸੀ ਕਿ ਤੁਸੀਂ ਇਸ ਤਰ੍ਹਾਂ ਪਿੱਠ ਵਿਖਾਵੋਗੇ।

ਚੌਧਰੀ : ਦੇਖ ਬਈ ਪ੍ਰੀਤਮ ਸਿੰਘ, ਮੈਂ ਆਪਣੇ ਵੱਲੋਂ ਪੂਰਾ ਜ਼ੋਰ ਲਗਾਇਆ ਪਰ ਥਾਣੇਦਾਰ ਨੇ ਕੇਸ ਖ਼ਰਾਬ ਕਰ ਦਿੱਤਾ ਸੀ।

ਪ੍ਰੀਤਮ ਸਿੰਘ : ਤੁਸੀਂ ਇਥੇ ਖਲੋ ਕੇ ਮਦਦ ਦਾ ਯਕੀਨ ਦਿਵਾਇਆ ਸੀ, ਗਵਾਹੀ ਲਿਖਵਾਈ ਸੀ।

ਡਰਨਾ : ਇਨ੍ਹਾਂ ਇਥੇ ਖਲੋ ਕੇ ਉਸ ਵੇਲੇ ਵੀ ਝੂਠ ਬੋਲਿਆ ਸੀ। ਇਥੇ ਖਲੋਕੇ ਹੁਣ ਵੀ ਝੂਠ ਬੋਲ ਰਹੇ ਨੇ।

ਚੌਧਰੀ : ਇਹ ਆਵਾਜ਼ ਕਿਥੋਂ ਆ ਰਹੀ ਏ ?

ਨੌਜਵਾਨ : ਕੋਈ ਚੌਧਰੀ ਜੀ ਤੁਹਾਡੀ ਤਾਰੀਫ਼ ਕਰ ਰਿਹਾ ਏ।

ਪ੍ਰੀਤਮ ਸਿੰਘ : ਚੌਧਰੀ ਜੀ ਹੁਣ ਤਾਂ ਤੁਸੀਂ ਸਰਪੰਚ ਬਣ ਗਏ ਹੋ। ਤੁਹਾਡੇ ਉਤੇ ਪਿੰਡ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਖਵਾਲੀ ਦੀ ਜ਼ਿੰਮੇਵਾਰੀ ਆਉਂਦੀ ਏ।

ਚੌਧਰੀ : ਮੈਂ ਕਦੋਂ ਇਨਕਾਰ ਕਰਦਾ ਹਾਂ। ਪਿੰਡ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਸਾਡੀ ਇੱਜ਼ਤ। ਉਹਦੀ ਰਾਖੀ ਅਸੀਂ ਨਹੀਂ ਕਰਾਂਗੇ ਤਾਂ ਹੋਰ ਕੌਣ ਕਰੇਗਾ ?

ਡਰਨਾ : (ਹੱਸਦੇ ਹੋਏ) ਹਾ ਹਾ ਹਾ

ਚੌਧਰੀ : ਕੋਈ ਹੱਸ ਰਿਹਾ ਏ!

ਡਰਨਾ : ਧੀਆਂ ਭੈਣਾਂ ਦੀ ਇੱਜ਼ਤ ਲੁੱਟਣ ਵਾਲਿਆਂ ਦੇ ਗੁਮਾਸ਼ਤੇ ਹੁਣ ਧੀਆਂ ਭੈਣਾਂ ਦੀ ਇੱਜ਼ਤ ਦੇ ਰਖਵਾਲੇ ਬਣ ਗਏ ਨੇ ਹਾ ਹਾ ਹਾ।

ਚੌਧਰੀ : ਕੋਈ ਮੇਰੀ ਟਿੱਚਕਰ ਉਡਾ ਰਿਹਾ ਏ।

ਨੌਜਵਾਨ : ਤੁਹਾਨੂੰ ਕੀ ਫ਼ਰਕ ਪੈਂਦਾ ਏ ?

*(ਇਕ ਪਾਸੇ ਤੋਂ ਫ਼ੌਜੀ ਆਉਂਦਾ ਹੈ।)*

ਫ਼ੌਜੀ : (ਜੋ ਗੁੱਸੇ ਵਿਚ ਏ) ਫ਼ਰਕ ਤਾਂ ਸਾਨੂੰ ਪੈਂਦਾ ਏ।

ਚੌਧਰੀ : ਕੀ ਗੱਲ ਏ ਫ਼ੌਜੀਆ, ਕਿਹੜੀ ਲਾਮ ਤੋਂ ਹੋ ਮੁੜਿਆ ਏਂ ?

ਫ਼ੌਜੀ : ਮੁੜਣਾ ਭੈਣ ਦੇ ਬੂਹੇ ਤੋਂ ਐ ? ਨਾਲੇ ਚੌਧਰੀ ਲਾਮ ਨੂੰ ਕਸਰ ਐ ਕੋਈ ? ਪਿੰਡ 'ਚ ਸ਼ਰੇਆਮ ਲੁੱਚਪੁਣਾ ਹੁੰਦਾ ਏ, ਹੈ ਕੋਈ ਰੋਕਣ ਵਾਲਾ ? ਅਗਲੇ ਕਚੈਹਰੀਆਂ ਤੋਂ ਦਨਦਨਾਉਂਦੇ ਬਰੀ ਹੋ ਜਾਂਦੇ ਨੇ।

ਨੌਜਵਾਨ : ਤੇ ਇਹਦੇ ਵਿਚ ਕਸੂਰ ਕਿਸਦਾ ਏ ਚਾਚਾ ?

ਫ਼ੌਜੀ : ਕਸੂਰ ਸਾਡਾ ਜਿਹੜੇ ਥਾਣਿਆਂ 'ਤੇ ਯਕੀਨ ਕਰਦੇ ਆਂ। ਝੂਠੀਆਂ ਕਚੈਹਰੀਆਂ 'ਤੇ ਯਕੀਨ ਕਰਦੇ ਆਂ। ਇਨ੍ਹਾਂ ਚੌਧਰੀਆਂ 'ਤੇ ਯਕੀਨ ਕਰਦੇ ਆਂ।

ਚੌਧਰੀ : ਲੈ ਇਸ ਵਿਚ ਮੇਰਾ ਕੀ ਕਸੂਰ ?

ਨੌਜਵਾਨ : ਜੇ ਚੌਧਰੀ ਤੂੰ ਕਚੈਹਰੀ ਵਿਚ ਜਾ ਕੇ ਮੁਕਰਨਾ ਸੀ ਤਾਂ ਇਥੇ ਨਾਂ ਕਿਉਂ ਲਿਖਵਾਇਆ ?

ਫ਼ੌਜੀ : ਹਾਹੋ ਰੱਬੇ ਦੀ ਭੈਣ ਦੇਣ ਉਸ ਵੇਲੇ ਅਗਾਂਹ-ਅਗਾਂਹ ਹੁੰਦੇ ਨੇ ਤੇ ਪਿੱਛੋਂ ਲੱਤਾਂ ਵਿਚ ਪੂਛ ਲੈ ਲੈਂਦੇ ਨੇ।

ਨੌਜਵਾਨ : ਮੈਨੂੰ ਤਾਂ ਪਹਿਲਾਂ ਹੀ ਸਭ ਪਤਾ ਸੀ। ਥਾਣੇਦਾਰ ਦੀ ਸਾਰੀ

ਕਾਰਵਾਈ ਅੱਖਾਂ ਪੂੰਝਣ ਵਾਲੀ ਏ। ਇਹ ਭਲਾ ਜਾ ਸਕਦੇ ਨੇ ਸਰਦਾਰਾਂ ਦੇ ਖਿਲਾਫ਼। ਮਹੀਨਾ ਬਕਾਇਦਾ ਮਿਲਦਾ ਏ।

ਫ਼ੌਜੀ : ਤੇ ਹੋਰ ਭੈਣ ਦੇਣਾ ਐਵੇਂ ਤਾਂ ਨਹੀਂ ਬਲੈਕ ਦਾ ਧੰਦਾ ਚਲਦਾ, ਸੱਚ ਜਾਣੋ ਇਹ ਥਾਣੇਦਾਰ ਤਾਂ ਮੂਤਦੇ ਵੀ ਸਰਦਾਰਾਂ ਕੋਲੋਂ ਪੁੱਛ ਕੇ ਨੇ।

ਨੌਜਵਾਨ : ਮੈਨੂੰ ਤਾਂ ਉਸੇ ਵੇਲੇ ਖੁਟਕ ਗਈ ਸੀ ਜਦੋਂ ਮੈਂ ਗਵਾਹੀ ਲਈ ਅੱਗੇ ਆਇਆ ਤਾਂ ਚੌਧਰੀ ਥਾਣੇਦਾਰ ਨੂੰ ਪਾਸੇ ਲੈ ਗਿਆ, ਚਾਚਾ ਪ੍ਰੀਤਮ ਸਿੰਘ ਨਾ ਕਹਿੰਦਾ ਤਾਂ ਮੈਂ ਥਾਣੇਦਾਰ ਨਾਲ ਆਪੇ ਨਿੱਬੜ ਲੈਂਦਾ।

ਪ੍ਰੀਤਮ ਸਿੰਘ : ਮੈਨੂੰ ਕੀ ਪਤਾ ਸੀ ਕਿ ਚੌਧਰੀ ਦਾ ਦਿਲ ਵਿਚੋਂ ਕਾਲਾ ਏ ?

ਚੌਧਰੀ : ਪ੍ਰੀਤਮ ਸਿੰਘ ਹੋਸ਼ ਨਾਲ ਗੱਲ ਕਰ।

ਫ਼ੌਜੀ : ਚੌਧਰੀ ਹੋਸ਼ ਉਸ ਬਾਪ ਨੂੰ ਕਿੱਥੇ ? ਉਹਦੀ ਪੱਗ ਰੋਲਣ ਵਾਲੇ ਉਹਦੀ ਛਾਤੀ 'ਤੇ ਹੀ ਮੂੰਗ ਦਲਣ।

ਨੌਜਵਾਨ : ਹੋਸ਼ ਤਾਂ ਉਨ੍ਹਾਂ ਨੂੰ ਹੀ ਏ, ਜਿਹੜੇ ਪੈਸੇ ਬਦਲੇ ਗਵਾਹੀਆਂ ਬਦਲ ਦੇਂਦੇ ਨੇ।

ਫ਼ੌਜੀ : ਅਖੇ ਹਮ ਸਰਪੰਚ ਹੋਤੇ ਹੈਂ– ਇਹੋ ਜਿਹੇ ਸਰਪੰਚ ਤੋਂ ਲੋਕਾਂ ਨੇ ਵੜੇਵੇਂ ਲੈਣੇ ਨੇ।

ਚੌਧਰੀ : (ਝੇਪਕੇ) ਦੇਖ ਫ਼ੌਜੀਆਂ ਤੂੰ ਐਵੇਂ ਮੇਰੇ 'ਤੇ ਚੜ੍ਹਾਈ ਕਰੀ ਜਾਨਾ ਏਂ, ਮੇਰਾ ਭਲਾ ਕੀ ਕਸੂਰ ? ਵਕੀਲ ਨੇ ਸਵਾਲ ਐਸੇ ਪੁੱਛੇ ਮੇਰੇ ਕੋਲ ਜਿਨ੍ਹਾਂ ਦਾ ਜਵਾਬ ਨਹੀਂ ਸੀ।

ਫ਼ੌਜੀ : ਤਾਂ ਗਵਾਹੀ ਭੈਣ ਦੇਣੇ ਦੀ ਕਾਹਦੀ ਦੇਣ ਗਿਆ ਸੀ। ਪਿਛਲੇ ਸਾਲ ਵੀ ਸਰਦਾਰਾਂ ਕਰਤੂਤ ਕੀਤੀ ਤਾਂ ਤੂੰ ਹੀ ਉਨ੍ਹਾਂ ਦੇ ਕੰਮ ਆਇਆ।

ਚੌਧਰੀ : ਨਾ ਮੈਂ ਕਿਹੜੇ ਕੰਮ ਆਇਆ ?

ਫ਼ੌਜੀ : ਪਿਛਲੇ ਵਰ੍ਹੇ ਇਨ੍ਹਾਂ ਸਰਦਾਰਾਂ ਦੇ ਖੇਤਾਂ 'ਚ ਦਵਾਈ ਛਿੜਕਦਾ ਸੀਰੀ ਚੁੱੜਕ ਮੋਇਆ ਸੀ। ਸ਼ਰੇਆਮ ਅਗਲਿਆਂ ਫੂਕ ਦਿੱਤਾ ਤੇ ਚੌਧਰੀ ਉਸ ਵੇਲੇ ਵੀ ਤੂੰ ਗਵਾਹੀ ਦਿੱਤੀ ਅਖੇ ਇਹਨੂੰ ਤਾਂ ਮਿਰਗੀ ਪੈਂਦੀ ਸੀ।

ਚੌਧਰੀ : ਓਥੇ ਫ਼ੌਜੀਆ, ਮਰਨ ਵਾਲਾ ਤਾਂ ਮਰ ਗਿਆ। ਉਹਨੇ ਵਾਪਸ ਤਾਂ ਆਉਣਾ ਨਹੀਂ ਸੀ। ਮੈਂ ਵਿਚ ਪੈ ਕੇ ਉਹਦੇ ਘਰ ਵਾਲਿਆਂ ਨੂੰ ਪੈਸੇ ਦੁਆਏ। ਮਿਰਗੀ ਆਖ ਕੇ ਕੇਸ ਰਫ਼ਾ-ਦਫ਼ਾ ਕਰਾਇਆ। ਜੇ ਕਚੈਹਰੀਆਂ 'ਚ ਜਾ ਵੜਦੇ ਤਾਂ ਖੱਜਲ ਖੁਆਰੀ ਬਿਨਾਂ ਕੀ ਮਿਲਦਾ ਉਨ੍ਹਾਂ ਨੂੰ... ਪੈਸੇ ਦੁਆਏ, ਇਹ ਵੀ ਮੇਰਾ ਹੀ ਕਸੂਰ ? ਭਲਾਈ ਦਾ

ਜ਼ਮਾਨਾ ਹੀ ਨਹੀਂ ਰਿਹਾ ਕਿਧਰੇ।

ਫ਼ੌਜੀ : ਆਹੋ ਚੌਧਰੀ ਤੇਰੀਆਂ ਭਲਾਈਆਂ ਹੁਣ ਕੌਣ ਕੌਣ ਭੈਣ ਦੇਣਾ ਭੁਲ ਸਕਦੈ ? ਤੂੰ ਵਿਚ ਨਾ ਪੈਂਦਾ ਤਾਂ ਜਵਾਨ ਪੁੱਤਰ ਦੀ ਮੌਤ ਦਾ ਮੁੱਲ ਕਿੱਥੇ ਤਰਦਾ ?

ਨੌਜਵਾਨ : ਚਾਚਾ ਪ੍ਰੀਤਮ ਸਿੰਘ ਨਾਲ ਵੀ ਇਹੋ ਕੁਝ ਕਰਦਾ ਰਿਹਾ ਏ। ਕਿਉਂ ਚਾਚਾ ਜਿਹੜੀ ਗੱਲ ਹੋਈ ਏ, ਹੁਣ ਦਸ ਸਾਰਿਆਂ ਦੇ ਸਾਹਮਣੇ।

ਪ੍ਰੀਤਮ ਸਿੰਘ : ਪੁੱਤਰ, ਇਹਨੇ ਮੈਨੂੰ ਕਿਹਾ ਮੈਂ ਸਰਦਾਰਾਂ ਕੋਲੋਂ ਦੋ ਹਜ਼ਾਰ ਲੈ ਦੇਨਾ ਹਾਂ ਕੇਸ ਰਫ਼ਾ-ਦਫ਼ਾ ਹੋ ਜਾਏਗਾ। ਮੈਂ ਆਖ ਦੇਵਾਂਗਾ ਕਿ ਕੁੜੀ ਨੂੰ ਮਿਰਗੀ ਪੈਂਦੀ ਸੀ ਤੇ ਮਿਰਗੀ ਦੇ ਦੌਰੇ ਵਿਚ ਹੀ ਉਹਨੇ ਖੂਹ 'ਚ ਛਾਲ ਮਾਰ ਦਿੱਤੀ।

ਫ਼ੌਜੀ : ਪਰ ਇਹ ਮਿਰਗੀ ਭੈਣ ਦੇਣੀ ਕਿਸੇ ਵੱਡਿਆਂ ਦੀ ਕੁੜੀ ਨੂੰ ਨਹੀਂ ਪੈਂਦੀ ?

ਚੌਧਰੀ : ਨਾ ਮੈਂ ਮਾੜੀ ਸਲਾਹ ਦਿੱਤੀ ਸੀ ? ਹੁਣ ਭਲਾ ਕਚੈਹਰੀਆਂ ਵਿਚੋਂ ਕੀ ਮਿਲਿਆ ?

ਨੌਜਵਾਨ : ਹੋਰ ਭਾਵੇਂ ਕੁਝ ਮਿਲਿਆ ਜਾਂ ਨਹੀਂ ਮਿਲਿਆ ਪਰ ਪਿੰਡ ਵਾਲਿਆਂ ਨੂੰ ਇਸ ਗੱਲ ਦਾ ਪਤਾ ਲਗ ਗਿਆ ਕਿ ਇਹ ਵੱਡੇ ਕਹਿਲਾਉਂਦੇ ਸਰਦਾਰ ਲੁੱਚਪੁਣਾ ਕਿੰਨਾ ਕੁ ਕਰ ਸਕਦੇ ਨੇ ਤੇ ਚੌਧਰੀ ਵਰਗੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਦੇ ਕਿਸ ਤਰ੍ਹਾਂ ਨੇ।

ਫ਼ੌਰੀ : ਪਰ ਮੁੰਡਿਆ ਇਹ ਤੇਰਾ ਵਹਿਮ ਏ। ਪਿੰਡ ਵਾਲਿਆਂ ਕੁਝ ਨਹੀਂ ਸਿੱਖਣਾ ਸਿਖਾਉਣਾ। ਪਰਚੀਆਂ ਵੇਲੇ ਫੇਰ ਇਨ੍ਹਾਂ ਚੌਧਰੀਆਂ ਦੀ ਹੀ ਚਲਣੀ ਏ। ਇਨ੍ਹਾਂ ਸਰਦਾਰਾਂ ਨੇ ਹੀ ਨੀਲੀਆਂ ਚਿਟੀਆਂ ਬੰਨ੍ਹ, ਮਰਜ਼ੀ ਨਾਲ ਡੱਬੇ ਭਰਵਾ ਲੈਣੇ ਨੇ ਭਾਵੇਂ ਡਰਾ ਧਮਕਾ ਕੇ ਤੇ ਭਾਵੇਂ ਜਾਅਲੀ ਵੋਟਾਂ ਪਵਾਕੇ ਤੇ ਭਾਵੇਂ ਉਂਝ ਵੀ ਪਰਚੀਆਂਦਾ ਥੱਬਾ ਖੋਹਕੇ ਡੱਬੇ ਵਿਚ ਘਸੋੜਕੇ। ਅਸਾਂ ਪਿੰਡ ਵਾਲਿਆਂ ਬਸ ਵੇਖਦੇ ਹੀ ਰਹਿ ਜਾਣਾ ਏ।

ਪ੍ਰੀਤਮ ਸਿੰਘ : ਠੀਕ ਕਹਿੰਦਾ ਏ ਫ਼ੌਜੀ, ਅਸਾਂ ਇਸੇ ਤਰ੍ਹਾਂ ਜੁੱਤੀਆਂ ਖਾਂਦੇ ਰਹਿਣਾ ਏ। ਵੱਡਿਆਂ ਦੇ ਪੈਰਾਂ ਵਿਚ ਸਾਡੀ ਪੱਗ ਰੁਲਦੀ ਹੀ ਰਹਿਣੀ ਏ।

ਨੌਜਵਾਨ : ਰੁਲਦੀ ਕਿਉਂ ਰਹਿਣੀ ਏ ਚਾਚਾ ? ਤੁਸੀਂ ਵੇਹੜੇ ਵਾਲੇ ਇਕੱਠੇ ਹੋਵੋ ਇਹਦਾ ਕੋਈ ਉਪਰਾਲਾ ਕਰਾਂਗੇ ਹੀ।

ਪ੍ਰੀਤਮ ਸਿੰਘ : ਕਿਉਂ ਚੌਧਰੀ ਜੀ ਤੁਹਾਡਾ ਕੀ ਖ਼ਿਆਲ ਏ ?

ਨੌਜਵਾਨ : ਚਾਚਾ ਚੌਧਰੀ ਹੋਰਾਂ ਕੋਲੋਂ ਕੀ ਪੁੱਛਦਾ ਏਂ, ਅੱਗੇ ਕੋਈ ਕਸਰ ਰਹਿ ਗਈ ਏ ?

ਚੌਧਰੀ : ਤੂੰ ਤਾਂ ਮੁੰਡਿਆ ਐਵੇਂ ਹਰ ਗੱਲ 'ਚ ਮੈਨੂੰ ਧਰ ਲੈਨਾ ਏ। ਮੈਂ ਕੋਈ ਆਪਣੇ ਭਰਾਵਾਂ ਤੋਂ ਬਾਹਰ ਹਾਂ? ਮੈਂ ਤਾਂ ਹਰ ਵੇਲੇ ਚਾਹੁੰਦਾ ਕਿ ਗ਼ਰੀਬ ਨੂੰ ਕੁਝ ਨਾ ਕੁਝ ਮਿਲ ਜਾਏ।

ਫ਼ੌਜੀ : ਆਹੋ ਇੱਜ਼ਤ ਭਾਵੇਂ ਉਹਦੀ ਟਕਿਆਂ 'ਚ ਵਿਕ ਜਾਏ।

ਚੌਧਰੀ : ਇੱਜ਼ਤ?

ਫ਼ੌਜੀ : ਹਾਂ ਚੌਧਰੀ ਇੱਜ਼ਤ, ਇੱਜ਼ਤ ਵਾਲੀ ਗੱਲ ਦਸਦਾ ਹਾਂ ਤੈਨੂੰ। ਵੇਖਦਾ ਪਿਆ ਏਂ ਨਾ ਇਹ ਕਮੀਜ਼? ਜਦੋਂ ਲਾਮ 'ਚ ਇਕ ਲੱਤ ਵਢਾਕੇ ਪਿੰਡ ਆਇਆ ਸਾਂ ਤਾਂ ਇਥੇ ਤਿੰਨ ਤਮਗੇ ਲੱਗੇ ਸਨ। ਮੈਂ ਪਿੰਡ 'ਚ ਹਰ ਇਕ ਨੂੰ ਵਿਖਾਉਂਦਾ ਤੇ ਕਹਿੰਦਾ ਕਿ ਕੀ ਹੋਇਆ ਇਕ ਟੰਗ ਜਾਂਦੀ ਰਹੀ ਏ। ਦੇਸ਼ ਦੀ ਖ਼ਾਤਰ ਲੜਿਆ, ਬਹਾਦਰੀ ਨਾਲ ਲੜਿਆ, ਤਮਗੇ ਲਏ ਪਰ ਹੁਣ ਸਾਰੇ ਤਮਗੇ ਵਾਰੀ ਵਾਰੀ ਲਾਹ ਸੁੱਟੇ ਨੇ।

ਨੌਜਵਾਨ : ਉਹ ਕਿਉਂ ਚਾਚਾ?

ਫ਼ੌਜੀ : ਪਹਿਲੇ ਤਮਗਾ ਉਸ ਵੇਲੇ ਲਾਹਿਆ ਜਦੋਂ ਅਖ਼ਬਾਰ ਵਿਚ ਪੜ੍ਹਿਆ ਕਿ ਭੈਣ ਦੇਣਾ ਆਪਣੇ ਇਲਾਕੇ ਦਾ ਐਮ.ਪੀ. ਜਿਸਨੇ ਮੇਰੀ ਛਾਤੀ 'ਤੇ ਤਮਗਾ ਲਾਇਆ ਸੀ, ਦਿੱਲੀ ਕਿਸੇ ਅਫ਼ਸਰ ਦੀ ਪਤਨੀ ਨਾਲ ਖੇਹ ਖਾਂਦਾ ਰਿਹਾ ਤੇ ਫੇਰ ਗੱਲ ਜ਼ਾਹਰ ਹੋਣ ਦੇ ਡਰੋਂ ਉਹਨੂੰ ਉੱਚੇ ਘਰ ਦੀ ਤੀਜੀ ਮੰਜ਼ਿਲ ਤੋਂ ਧੱਕਾ ਦੇ ਮਾਰ ਮੁਕਾਇਆ। ਮੈਂ ਉਹਦਾ ਦਿੱਤਾ ਤਗ਼ਮਾ ਛਾਤੀ ਤੋਂ ਲਾਹ ਕੇ ਪਰਾਂ ਸੁੱਟ ਮਾਰਿਆ।

ਨੌਜਵਾਨ : ਦੂਜਾ ਤਮਗਾ?

ਫ਼ੌਜੀ : ਦੂਜਾ ਤਮਗਾ ਉਸ ਵੇਲੇ ਲਾਹਕੇ ਸੁੱਟਿਆ ਜਦੋਂ ਪਤਾ ਲੱਗਾ ਕਿ ਰੱਖਿਆ ਮੰਤਰੀ ਨੇ ਦੇਸ਼ ਦੀ ਕਿਸਮਤ ਨਾਲ ਖੇਡਦਿਆਂ ਨਿਕੰਮੇ ਜਹਾਜ਼ ਖਰੀਦਣ ਬਦਲੇ ਇਕ ਵਿਦੇਸ਼ੀ ਕੰਪਨੀ ਤੋਂ ਕਰੋੜਾਂ ਦੀ ਰਿਸ਼ਵਤ ਲਈ। ਉਹ ਤਮਗਾ ਉਸੇ ਭੈਣ ਦੇਣੇ ਮੰਤਰੀ ਨੇ ਮੇਰੀ ਛਾਤੀ 'ਤੇ ਲਾਇਆ ਸੀ, ਮੈਂ ਉਹ ਲਾਹ ਪਰਾਂ ਵਗ੍ਹਾ ਦਿੱਤਾ ਤੇ ਤੀਜਾ ਤਮਗਾ ਉਸ ਵੇਲੇ ਲਾਹ ਕੇ ਸੁੱਟਿਆ ਜਦੋਂ ਪੁਲਿਸ ਵਾਲਿਆਂ ਨੇ ਬਾਰਡਰ ਦੇ ਨੇੜੇ ਪਿੰਡ ਦਾਉਕੇ ਨੂੰ ਥੇਹ ਕੀਤਾ। ਬੁੱਢਿਆਂ ਨੂੰ ਦਾੜ੍ਹੀਆਂ ਤੋਂ ਖਿਚਿਆ ਤੇ ਧੀਆਂ ਭੈਣਾਂ ਦਾ ਗਲੀਆਂ 'ਚ ਨੰਗਾ ਜਲੂਸ ਕੱਢਿਆ।

ਨੌਜਵਾਨ : ਦਾਉਕੇ ਪਿੰਡ ਚਾਚਾ?

ਫ਼ੌਜੀ : ਇਹ ਉਹ ਪਿੰਡ ਹੈ ਜਿਥੇ ਪਾਕਿਸਤਾਨ ਦੀ ਲੜਾਈ ਵੇਲੇ ਮੈਂ ਘਾਇਲ ਹੋ ਕੇ ਡਿੱਗਿਆ ਸਾਂ ਤਾਂ ਪਿੰਡ ਵਾਲਿਆਂ ਨੇ ਵਰਦੀਆਂ

ਗੋਲੀਆਂ ਵਿਚ ਮੈਨੂੰ ਚੁੱਕ ਕੇ ਲਿਆਂਦਾ ਸੀ- ਮੈਨੂੰ ਤਮਗਾ ਮਿਲਿਆ, ਪਰ ਪਿੰਡ ਵਾਲਿਆਂ ਨੂੰ ਬੁੱਢਿਆਂ ਦੀ ਜ਼ਲਾਲਤ ਅਤੇ ਔਰਤਾਂ ਦੀ ਖੇਹ ਖਰਾਬੀ। ਸਭ ਤਗ਼ਮੇ ਲਾਹ ਸੁੱਟੇ। ਇਹ ਬਹਾਦਰੀ, ਇਹ ਦੇਸ਼ ਸੇਵਾ ਭੈਣ ਦੇਣੀ ਸਭ ਗੱਲ ਝੂਠੀ ਏ, ਸਭ ਪੈਸੇ ਦੀ ਖੇਡ ਏ।

*(ਫ਼ੌਜੀ ਜਾਂਦਾ ਹੈ)*

ਪ੍ਰੀਤਮ ਸਿੰਘ : ਆਹੋ ਜੇ ਪੈਸੇ ਦੀ ਖੇਡ ਵੱਡੇ ਸਰਦਾਰ ਖੇਡਦੇ ਨੇ ਤਾਂ ਵਿਹੜਿਆਂ ਵਿਚ ਵੀ ਚੌਧਰੀ ਵਰਗੇ ਬਥੇਰੇ ਨੇ, ਉਹ ਖੇਡ ਖੇਡਣ ਵਾਲੇ।

ਚੌਧਰੀ : ਲੈ ਪ੍ਰੀਤਮ ਸਿੰਘਾ ਮੇਰੀ ਗੱਲ ਕਿਉਂ ਕਰਦਾ ਏਂ ?

ਨੌਜਵਾਨ : ਨਾ ਮੁਸ਼ਕਲ ਕੀ ਏ, ਜੇ ਅਸੀਂ ਖੇਤੀ ਵੇਲੇ ਸੱਪਾਂ ਦੀਆਂ ਸਿਰੀਆਂ ਮਿੱਧ ਸਕਦੇ ਹਾਂ ਤਾਂ ਮਨੁੱਖੀ ਸ਼ਕਲਾਂ ਵਿਚ ਲੁੱਕੇ ਸੱਪ ਸਾਡੇ ਤੋਂ ਕਿੰਝ ਬਚ ਸਕਦੇ ਨੇ ?

ਪ੍ਰੀਤਮ ਸਿੰਘ : ਤੂੰ ਚੌਧਰੀ ਆਪਣੇ ਸਰਦਾਰਾਂ ਨੂੰ, ਤੇ ਉਨ੍ਹਾਂ ਦੇ ਕਾਕਿਆਂ ਨੂੰ ਤੇ ਉਨ੍ਹਾਂ ਦੀ ਲੁੱਚ ਮੰਡਲੀ ਨੂੰ ਦੱਸ ਦੇ ਉਹ ਦੇਸ਼ ਦਾ ਕਾਨੂੰਨ ਖਰੀਦ ਸਕਦੇ ਨੇ ਪਰ ਮਨੁੱਖ ਦੀ ਇੱਜ਼ਤ ਨਹੀਂ ਖਰੀਦ ਸਕਦੇ।

*(ਫ਼ੌਜੀ, ਨੌਜਵਾਨ ਤੇ ਪ੍ਰੀਤਮ ਸਿੰਘ ਜਾਂਦੇ ਹਨ। ਚੌਧਰੀ ਇਕੱਲਾ ਖੜਾ ਹੈ, ਦੂਜੇ ਪਾਸੇ ਤੋਂ ਸੰਤਾ ਸਿੰਘ ਤੇ ਬੰਤਾ ਸਿੰਘ ਆਉਂਦੇ ਹਨ।)*

ਚੌਧਰੀ : (ਉਨ੍ਹਾਂ ਨੂੰ ਸੰਬੋਧਨ) ਕੰਡਾ।

ਬੰਤਾ ਸਿੰਘ : ਕੰਡਾ ?

ਸੰਤਾ ਸਿੰਘ : ਕੰਡਾ- ਕੱਢ ਦਿਆਂਗੇ- ਗੱਲ ਈ ਕੋਈ ਨਹੀਂ।

(ਉਹ ਦੂਜੇ ਪਾਸੇ ਚਲੇ ਜਾਂਦੇ ਨੇ।)

ਡਰਨਾ : ਤੇ ਪਿੰਡ ਵਿਚ ਇਕ ਨਵਾਂ ਸੰਘਰਸ਼ ਸ਼ੁਰੂ ਹੋਇਆ। ਦੋ ਧਿਰਾਂ ਦਾ ਸੰਘਰਸ਼। ਜੇ ਇਕ ਧਿਰ ਸਰਦਾਰਾਂ, ਚੌਧਰੀਆਂ ਤੇ ਉਨ੍ਹਾਂ ਦੇ ਗੁੰਡਿਆਂ ਦੀ ਸੀ ਤਾਂ ਦੂਜੀ ਧਿਰ ਵਿਚ ਜਾਗੇ ਹੋਏ ਨੌਜਵਾਨ, ਫ਼ੌਜੀ, ਪ੍ਰੀਤਮ ਸਿੰਘ ਤੇ ਸਾਰੇ ਹੀ ਉਹ ਲੋਕ ਸਨ ਜੋ ਚਾਹੁੰਦੇ ਸਨ ਕਿ ਹੈਂਕੜ ਅਤੇ ਧੱਕੇ ਦੀ ਹਾਰ ਹੋਵੇ, ਲੋਕ ਸੌਖੀ ਤਰ੍ਹਾਂ ਜੀ ਸਕਣ, ਕੁਝ ਆਪਣੇ ਬਾਰੇ, ਕੁਝ ਆਪਣੇ ਭਵਿੱਖ ਬਾਰੇ, ਆਪਣੇ ਬੱਚਿਆਂ ਬਾਰੇ ਸੋਚ ਸਕਣ। ਸਰਦਾਰਾਂ ਦੀ ਧਿਰ ਵੱਲੋਂ ਰੋਜ਼ ਧਮਕੀਆਂ ਦਿੱਤੀਆਂ ਜਾਂਦੀਆਂ, ਵਿਉਂਤਾਂ ਬਣਾਈਆਂ ਜਾਂਦੀਆਂ ਕਿ ਕੰਢਾ ਕੱਢਿਆ ਕਿਸ ਤਰ੍ਹਾਂ ਜਾਏ ਤੇ ਇਕ ਦਿਨ ਹਨ੍ਹੇਰੀ ਰਾਤ 'ਚ ਮੈਂ ਘੁਸਰ-ਮੁਸਰ ਸੁਣੀ।

*(ਤਿੰਨ-ਚਾਰ ਬੰਦੇ ਜਿਨ੍ਹਾਂ ਨੇ ਮੰਢਾਸੇ ਬੰਨੇ ਹੋਏ ਸਨ, ਇਕ ਨੌਜਵਾਨ ਨੂੰ, ਜੀਹਦੀਆਂ ਮੁਸ਼ਕਾਂ ਬੱਧੀਆਂ ਲਿਆਕੇ ਥੱਲੇ ਸੁੱਟਦੇ ਹਨ।)*

ਇਕ : ਸਾਲਾ ਸੱਪਾਂ ਦੀ ਸਿਰੀ ਫੇਂਹਦਾ ਸੀ।

ਦੋ : ਫੇਹ ਦਿਓ ਸਿਰੀ ਸਾਲੇ ਦੀ।

ਇਕ : ਪਿੰਡ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਦਾ ਠੇਕੇਦਾਰ ਬਣਦਾ ਸੀ।

ਦੋ : ਕੱਢ ਦਿਓ ਠੇਕਾ ਕੰਢੇ ਦਾ।

ਇਕ : ਪਹਿਲੇ ਇਹਨੂੰ ਤਾਂ ਕੱਠਿਆਂ ਕਰੋ।

ਦੋ : ਚੁੱਕ ਉਏ ਗੰਡਾਸਾ।

ਤਿੰਨ : ਲਾਹ ਦਿਓ ਗਾਟਾ- ਗੱਲ ਈ ਕੋਈ ਨਹੀਂ।

*(ਜਦੋਂ ਗੰਡਾਸਾ ਚੁੱਕਦਾ ਹੈ ਤਾਂ ਫ਼ੌਜੀ ਆ ਕੇ ਬਿਜਲੀ ਦੀ ਫੁਰਤੀ ਨਾਲ ਗੰਡਾਸੇ ਵਾਲੇ 'ਤੇ ਵਾਰ ਕਰਕੇ ਗੰਡਾਸਾ ਥੱਲੇ ਸੁੱਟ ਦਿੰਦਾ ਹੈ। ਇਕ ਲੜਾਈ ਸ਼ੁਰੂ ਹੁੰਦੀ ਹੈ, ਜਿਸ ਵਿਚ ਡਰਨਾ ਵੀ ਆਪਣੇ ਡੰਡਿਆਂ ਦੀ ਬਾਹਵਾਂ ਦਾ ਇਸਤੇਮਾਲ ਕਰਦਾ ਹੈ। ਗੁੰਡੇ ਨੱਸਦੇ ਹਨ। ਸਭ ਕੁਝ ਮੁਕ ਜਾਂਦਾ ਹੈ। ਫ਼ੌਜੀ ਜਿੱਤ ਦਾ ਪ੍ਰਤੀਕ ਫਉੜੀ ਉੱਚੀ ਕਰਦਾ ਹੈ ਤੇ ਨੌਜਵਾਨ ਬੱਝੀਆਂ ਹੋਈਆਂ ਮੁੱਠੀਆਂ।)*

ਡਰਨਾ : ਸਦੀਆਂ ਤੋਂ ਮੈਂ ਚੁੱਪ ਸਾਂ ਪਰ ਪਿੰਡ ਵਿਚ ਜੋ ਨਵਾਂ ਕਾਂਡ ਹੋਇਆ ਹੈ ਮੈਨੂੰ ਉਸ ਵਿਚ ਸ਼ਾਮਲ ਹੋਣਾ ਪਿਆ ਹੈ। ਮੈਂ ਚੁੱਪ ਨਹੀਂ ਰਹਿ ਸਕਦਾ। ਮੈਂ ਚੁੱਪ ਨਹੀਂ ਰਹਿ ਸਕਦਾ।

*(ਸਮਾਪਤ)*